ISSN: 2584-0509



# ਪੁਸਤਕ ਸਮੀਖਿਆ:- ਗੁਰਮੁਖੀ: ਵਿਰਸਾ ਅਤੇ ਵਰਤਮਾਨ

(ਹੱਥ-ਲਿਖਤਾਂ ਦੇ ਪ੍ਰਸੰਗ ਵਿੱਚ)



ਸਮੀਖਿਅਕ
ਡਾ. ਅਮਨਦੀਪ ਕੌਰ ਮਾਹਲ
ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ,
ਬਠਿੰਡਾ।
+91 95011-15366




ਪ੍ਰਕਾਸ਼ਨ- ਗੁਰਮੁਖੀ ਟਕਸਾਲ
ਕੀਮਤ:-300
ਸਫ਼ੇ 349

ਕਿਸੇ ਵੀ ਲਿੱਪੀ ਦੇ ਵਿਕਾਸ ਅਤੇ ਇਤਿਹਾਸ ਨੂੰ ਉਲੀਕਣ ਵਿੱਚ ਹੱਥ ਲਿਖਤਾਂ ਦਾ ਯੋਗਦਾਨ ਗੌਲਣਯੋਗ ਹੈ। ਅਤੇ ਗੁਰਮੁਖੀ ਲਿੱਪੀ ਦੇ ਸੰਦਰਭ ਵਿੱਚ ਇਹ ਗੱਲ ਹੋਰ ਵੀ ਪ੍ਰਮਾਣਿਤ ਰੂਪ ਵਿੱਚ ਪ੍ਰਗਟ ਹੁੰਦੀ ਹੈ। ਗੁਰਮੁਖੀ ਲਿੱਪੀ ਵਿੱਚ ਪ੍ਰਾਪਤ ਹੁੰਦੀਆਂ ਹੱਥ ਲਿਖਤਾਂ ਨਾ ਕੇਵਲ ਇਸ ਲਿੱਪੀ ਦੇ ਇਤਿਹਾਸ ਤੇ ਚਾਨਣਾ ਪਾਉਂਦੀਆਂ ਹਨ ਸਗੋਂ ਪੰਜਾਬੀ ਭਾਸ਼ਾ, ਪੰਜਾਬ ਅਤੇ ਇਸ ਦੇ ਇਤਿਹਾਸ ਦਾ ਵੀ ਇਕ ਚੰਗਾ ਸ੍ਰੋਤ ਬਣ ਕੇ ਸਾਹਮਣੇ ਆਉਂਦੀਆਂ ਹਨ। ਵਿਚਾਰ ਅਧੀਨ ਪੁਸਤਕ ਇਹਨਾਂ ਹੱਥ ਲਿਖਤਾਂ ਦੇ ਵਿਸ਼ੇ ਬਾਰੇ ਕੀਤਾ ਗਿਆ ਇਕ ਵਡਮੁੱਲਾ ਕਾਰਜ ਹੈ। ਮੁੱਖ ਰੂਪ ਵਿੱਚ ਇਹ ਪੁਸਤਕ ਦੋ ਭਾਗਾਂ ਵਿੱਚ ਵੰਡੀ ਗਈ ਹੈ, ਭਾਗ ਪਹਿਲਾ ਅਤੇ ਦੂਜਾ। ਇਹਨਾਂ ਦੋਵਾਂ ਭਾਗਾਂ ਵਿਚ ਵਿਦਵਾਨਾਂ ਅਤੇ ਖੋਜਾਰਥੀਆਂ ਦੇ ਪਰਚੇ ਸ਼ਾਮਿਲ ਕੀਤੇ ਗਏ ਹਨ। ਬੇਸ਼ੱਕ ਇਹ ਪਰਚੇ ਇਕੋ ਮੂਲ ਵਿਸ਼ੇ ਹੱਥ-ਲਿਖਤਾਂ ਦੇ ਦੁਆਲੇ ਘੁੰਮਦੇ ਹਨ ਪਰੰਤੂ ਅਸਲ ਵਿੱਚ ਇਹ ਵਿਭਿੰਨ ਦ੍ਰਿਸ਼ਟੀਆਂ, ਇਸ ਵਿਸ਼ੇ ਦੀਆਂ ਵਿਭਿੰਨ ਸ਼ਾਖਾਵਾਂ ਨੂੰ ਫੜਦਿਆਂ ਹੋਇਆਂ ਉਸਦੀ ਜੜ੍ਹ ਤੱਕ ਪਹੁੰਚਣ ਦਾ ਸਮੁੱਚਾ ਯਤਨ ਕਰਦੀਆਂ ਹਨ, ਜਿਸ ਰਾਹੀਂ ਵਰਤਮਾਨ ਅਕਾਦਮਿਕਤਾ ਵਿੱਚ ਬਿਲਕੁਲ ਅਣਗੌਲੇ ਜਾ ਰਹੇ ਇਸ ਵਿਸ਼ੇ ਪ੍ਰਤੀ ਕੁਝ ਠੋਸ ਸਿੱਟੇ ਪ੍ਰਾਪਤ ਕਰਿਦਆਂ, ਸੰਭਾਵੀ ਖੋਜ ਖੇਤਰ ਵਿਕਸਿਤ ਕੀਤੇ ਜਾ ਸਕਣ। ਇਸ ਪੁਸਤਕ ਨੂੰ ਸੌਖੇ ਢੰਗ ਨਾਲ ਸਮਝਣ ਲਈ ਇਸ ਵਿਚਲੇ ਲੇਖਾਂ ਨੂੰ ਉਹਨਾਂ ਦੀ ਪ੍ਰਕਿਰਤੀ ਅਨੁਸਾਰ ਵਿਸ਼ਾ ਵਰਗਾਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ।

ਪ੍ਰੋ. ਪ੍ਰੀਤਮ ਸਿੰਘ ਦਾ ਲੇਖ ਪੋਥੀਆਂ ਦੀ ਭਾਲ ਇਸ ਵਿਸ਼ੇ ਦੇ ਆਰੰਭ ਲਈ ਅਧਾਰ ਬਣਦਾ ਹੈ। ਇਸ ਲੇਖ ਵਿਚ ਉਹਨਾਂ ਨੇ ਪੁਰਾਤਨ ਹੱਥ ਲਿਖਤ ਪੋਥੀਆਂ ਦੀ ਪ੍ਰਾਪਤੀ ਲਈ ਕੀਤੇ ਯਤਨਾਂ ਅਤੇ ਪੇਸ਼ ਆਈਆਂ ਸਮੱਸਿਆਵਾਂ ਦਾ ਵਿਸਥਾਰ ਪੇਸ਼ ਕੀਤਾ ਹੈ। ਇਸ ਤੋਂ ਬਾਅਦ ਪਹਿਲਾ ਵਰਗ ਉਹਨਾਂ ਲੇਖਾਂ ਦਾ ਹੈ ਜੋ ਹੱਥ ਲਿਖਤਾਂ ਦੀ ਪ੍ਰਾਪਤੀ, ਮਹੱਤਵ ਅਤੇ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਉਪਰ ਚਾਨਣਾ ਪਾਉਂਦੇ ਹਨ। ਇਸ ਵਿੱਚ ਸਭ ਤੋਂ ਪਹਿਲਾ ਲੇਖ ਭਾਗ ਦੂਜਾ ਵਿਚੋਂ ਡਾ. ਪਿਆਰ ਸਿੰਘ ਦਾ ਪੰਜਾਬੀ ਹੱਥ ਲਿਖਤਾਂ: ਮਹੱਤਵ ਅਤੇ ਸੰਭਾਲ ਹੈ। ਇਹ ਲੇਖ ਇਸ ਪੁਸਤਕ ਦੇ ਵਿਸ਼ੇ ਅਤੇ ਲੋੜ ਨੂੰ ਸਮਝਣ ਲਈ ਇਕ ਸਪਸ਼ਟ ਅਧਾਰ ਤਿਆਰ ਕਰਦਾ ਹੈ। ਕਿਉਂਕਿ ਵਿਸ਼ੇ ਦੇ ਨਿਰਧਾਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਹ ਸਮਝਿਆ ਜਾਵੇ ਇਹ ਵਿਸ਼ਾ ਜ਼ਰੂਰੀ ਕਿਉਂ ਹੈ? ਇਸੇ ਨਾਲ ਦੂਜਾ ਲੇਖ ਡਾ.

ਚਮਕੌਰ ਸਿੰਘ ਦਾ ਗੁਰਮੁਖੀ ਹਥ-ਲਿਖਤਾਂ ਦੀ ਸਾਂਭ-ਸੰਭਾਲ ਦਸ਼ਾ ਅਤੇ ਦਿਸ਼ਾ ਦੇਖਿਆ ਜਾ ਸਕਦਾ ਹੈ। ਇਹ ਦੋਵੇਂ ਲੇਖ ਇਸ ਨਿਰਧਾਰਨ ਵਿੱਚ ਸਹਾਇਤਾ ਕਰਦੇ ਹਨ ਕਿ ਹੱਥ ਲਿਖਤਾਂ ਦੇ ਵਿਸ਼ੇ ਤੇ ਚਰਚਾ ਕਿਉਂ ਜ਼ਰੂਰੀ ਹੈ? ਅਤੇ ਇਹਨਾਂ ਦੀ ਸੰਭਾਲ ਲਈ ਕਿਹੜੇ ਯਤਨ ਕੀਤੇ ਗਏ ਹਨ ਜਾਂ ਕੀਤੇ ਜਾਣੇ ਚਾਹੀਦੇ ਹਨ। ਡਾ. ਚਮਕੌਰ ਸਿੰਘ ਦਾ ਪਰਚਾ ਹੱਥ ਲਿਖਤਾਂ ਦੇ ਰੂਪ ਵਿੱਚ ਪ੍ਰਾਪਤ ਹੁੰਦੇ ਕੀਮਤੀ ਖਜ਼ਾਨੇ ਦੀ ਹੋ ਰਹੀ ਬੇਅਦਬੀ ਅਤੇ ਘਾਣ ਵਰਗੇ ਸੰਵੇਦਨਸ਼ੀਲ ਮੁੱਦੇ ਤੇ ਵਿਚਾਰ ਪੇਸ਼ ਠੋਸ ਵਿਚਾਰ ਰੱਖਦਾ ਹੋਇਆ ਅਨੇਕਾਂ ਅਜਿਹੇ ਸਵਾਲ ਖੜ੍ਹੇ ਕਰਦਾ ਹੈ ਜੋ ਵਰਤਮਾਨ ਅਕਾਦਮਿਕਤਾ ਦੀ ਅਣਗਹਿਲੀ ਉਪਰ ਮੋਹਰ ਹੈ। ਹੱਥ ਲਿਖਤਾਂ ਦੀ ਸੰਭਾਲ ਤੋਂ ਅਗਲਾ ਪੜਾਅ ਉਹਨਾਂ ਦੇ ਪਾਠ ਨਿਰਧਾਰਨ ਅਤੇ ਪ੍ਰਮਾਣਿਕਤਾ ਨੂੰ ਨਿਸ਼ਚਿਤ ਕਰਨ ਦਾ ਆਉਂਦਾ ਹੈ। ਇਸੇ ਪੜਾਅ ਤਹਿਤ ਡਾ. ਗੁਰਮੇਲ ਸਿੰਘ ਦਾ ਖੋਜ ਪੱਤਰ ਗੁਰਮੁਖੀ ਹਥ-ਲਿਖਤਾਂ ਦੇ ਸੰਮਤਾਂ ਦੀ ਸਥਿਤੀ ਅਤੇ ਸਰੂਪ ਤੈਥਿਕੀ ਅਧਿਐਨ, ਡਾ. ਜਤਿੰਦਰ ਪਾਲ ਸਿੰਘ ਦਾ ਪਰਚਾ ਗੁਰਮੁਖੀ ਹਥ ਲਿਖਤਾਂ ਵਿਚ ਪਾਠ-ਭੇਦ (ਲਿਪਿਕ ਦੇ ਹਵਾਲੇ ਨਾਲ), ਸਵੈਜੋਤ ਕੌਰ ਕਸੇਲ ਦਾ ਹੱਥ-ਲਿਖਤ ਪ੍ਰਮਾਣਿਕ ਪਾਠ ਦੀਆਂ ਸਮੱਸਿਆਵਾਂ ਅਤੇ ਹਰਪਿੰਦਰਜੀਤ ਕੌਰ ਦਾ ਹੱਥ ਲਿਖਤ ਸਾਹਿਤ ਵਿਚ ਲੇਖਕ ਨਿਰਧਾਰਣ ਦੀ ਸਮੱਸਿਆ ਚਾਰ ਅਜਿਹੇ ਖੋਜ ਪੱਤਰ ਇਸ ਪੁਸਤਕ ਵਿੱਚ ਸ਼ਾਮਿਲ ਕੀਤੇ ਗਏ ਹਨ ਜੋ ਵਿਗਿਆਨਕ ਢੰਗ ਨਾਲ ਹੱਥ ਲਿਖਤਾਂ ਦੀ ਤਿਥੀ ਅਤੇ ਸਮੇਂ, ਉਸ ਦੇ ਪ੍ਰਮਾਣਿਕ ਪਾਠ, ਪਾਠ ਭੇਦ ਅਤੇ ਲੇਖਕ ਨਿਰਧਾਰਨ ਜਿਹੇ ਚਾਰ ਪ੍ਰਮੁੱਖ ਨੁਕਤਿਆਂ ਤੇ ਗੱਲ ਕਰਦੇ ਹਨ। ਇਹ ਚਾਰੋਂ ਨੁਕਤੇ ਹੀ ਸਾਹਿਤ ਇਤਿਹਾਸ ਵਿੱਚ ਉਹ ਅਧਾਰ ਮੰਨੇ ਗਏ ਹਨ ਜਿੰਨ੍ਹਾਂ ਜ਼ਰੀਏ ਕਿਸੇ ਲਿਖਤ ਦੀ ਪ੍ਰਮਾਣਿਕਤਾ ਸਿੱਧ ਕੀਤੀ ਜਾ ਸਕਦੀ ਹੈ। ਡਾ. ਗੁਰਮੇਲ ਸਿੰਘ ਨੇ ਆਪਣੇ ਪਰਚੇ ਵਿਚ ਇਕ ਅਜਿਹਾ ਮਾਡਲ ਪ੍ਰਸਤੁਤ ਕੀਤਾ ਹੈ ਜੋ ਹੱਥ ਲਿਖਤਾਂ ਦੇ ਅੰਦਰੂਨੀ ਤੱਤਾਂ (ਆਰਥੋਗ੍ਰਾਫਿਕ ਪ੍ਰਮਾਣ ਜਿਵੇਂ ਅਖਰਾਂ ਦੀ ਬਣਾਵਟ, ਲਿਖਤ ਖਾਕਾ, ਅਖਰਾਂ ਵਿਚਲੀ ਵਿਥਠ ਪੈਰ ਚਿੰਨ੍ਹ, ਹਾਸ਼ੀਆ ਆਦਿ), ਜੁਗਤਾਂ, ਸੰਬੋਧਾਂ ਦੇ ਜ਼ਰੀਏ ਹੀ ਇਸ ਦੀ ਲਿਖਣ ਤਿਥੀ ਦੇ ਨਿਰਧਾਰਣ ਦੀ ਸਮੱਸਿਆ ਹੱਲ ਕਰ ਸਕਦਾ ਹੈ, ਬਸ਼ਰਤੇ ਅਧਿਐਨ-ਕਰਤਾ ਲਿਖਤ ਪਾਠ ਵਿਚੋਂ ਇਹਨਾਂ ਤੱਥਾਂ ਨੂੰ ਪਹਿਚਾਨਣ ਲਈ ਗੰਭੀਰ ਅਧਿਐਨ ਕਰੇ। ਪੁਰਾਤਨ ਗ੍ਰੰਥਾਂ ਵਿੱਚ ਪਾਠ ਭੇਦ ਦੀ ਸਮੱਸਿਆ ਪੈਦਾ ਹੋਣ ਦਾ ਇਕ ਵੱਡਾ ਕਾਰਨ ਉਸਦਾ ਲਿਪਿਕ (ਉਤਾਰਾਕਾਰ, ਜੋ ਇਕ ਗ੍ਰੰਥ ਤੋਂ ਦੂਜਾ ਉਤਾਰਾ ਤਿਆਰ ਕਰਦਾ ਸੀ) ਹੀ ਬਣਦਾ ਹੈ। ਲੇਖਕ ਅਨੁਸਾਰ ਪੇਸ਼ੇਵਰ, ਸਾਹਿਤਕ ਅਤੇ ਧਾਰਮਿਕ ਲਿਪਕਾਂ ਦੇ

ਉਤਾਰਿਆਂ ਵਿਚ ਆਈਆਂ ਤਬਦੀਲੀਆਂ ਉਹਨਾਂ ਲਿਪਕਾਂ ਦੀ ਭਾਵਨਾ ਦਾ ਹੀ ਨਤੀਜਾ ਹੁੰਦੀਆ ਸਨ। ਕਈ ਵਾਰ ਜਾਣ ਬੁੱਝ ਕੇ ਜਾਂ ਅਣਜਾਣ ਪੁਣੇ ਵਿੱਚ ਕੀਤੀਆਂ ਤਬਦੀਲੀਆਂ ਪੂਰੀ ਲਿਖਤ ਦਾ ਮੁਹਾਂਦਰਾ ਪ੍ਰਵਰਤਿਤ ਕਰ ਦਿੰਦੀਆਂ ਸਨ। ਸਵੈਜੋਤ ਕੌਰ ਕਸੇਲ ਦਾ ਪਰਚਾ ਇਸ ਤੋਂ ਅੱਗੇ ਕਿਵੇਂ ਪਾਠ ਭੇਦਾਂ ਅਤੇ ਪਾਠਾਂਤਰਾਂ ਨੂੰ ਸਮਝਣ ਉਪਰੰਤ ਪ੍ਰਮਾਣਿਕ ਪਾਠ ਤਿਆਰ ਕੀਤਾ ਜਾ ਸਕਦਾ ਹੈ, ਉਸ ਉਪਰ ਚਾਨਣਾ ਪਾਉਂਦਾ ਹੈ।

ਇਸ ਤੋਂ ਉਪਰੰਤ ਤੀਜਾ ਵਰਗ ਉਹਨਾਂ ਲੇਖਾਂ ਦਾ ਹੈ ਜੋ ਇਹਨਾਂ ਹੱਥ ਲਿਖਤਾਂ ਦੀ ਲਿਖਤ ਬੋਧ, ਸੰਪਾਦਕੀ ਜੁਗਤਾਂ, ਇਹਨਾਂ ਵਿਚਲੀ ਚਿਤਰਕਾਰੀ ਆਦਿਕ ਵਿਸ਼ਿਆਂ ਸੰਬੰਧੀ ਅਧਿਐਨ ਮੂਲਕ ਵਿਚਾਰ ਪ੍ਰਸਤੁਤ ਕਰਦੇ ਹਨ। ਇਹਨਾਂ ਵਿੱਚ ਪਹਿਲਾ ਰਮਨਦੀਪ ਕੌਰ ਦਾ ਗੁਰਬਾਣੀ ਲਿਖਤ-ਬੋਧ, ਡਾ. ਜਤਿੰਦਰਪਾਲ ਸਿੰਘ ਦਾ ਸੰਪਾਦਨ ਜੁਗਤਾਂ: ਸਮੱਸਿਆ ਅਤੇ ਸਮਾਧਾਨ (ਹੱਥ-ਲਿਖਤਾਂ ਦੇ ਹਵਾਲੇ ਨਾਲ) ਅਤੇ ਡਾ. ਅਮਰ ਸਿੰਘ ਦਾ ਹਥ-ਲਿਖਤਾਂ ਵਿਚ ਚਿਤਰਕਾਰ: ਸੰਖੇਪ ਜਾਣ-ਪਛਾਣ ਹਨ। ਰਮਨਦੀਪ ਕੌਰ ਦਾ ਪਰਚਾ ਗੁਰਮੁਖੀ ਲਿਪੀ ਦੇ ਲਿਖਤ ਰੂਪ ਦੇ ਵਿਕਾਸ ਨੂੰ ਦੇਖਣ ਲਈ ਇਕ ਦਸਤਾਵੇਜ਼ੀ ਪਰਚਾ ਹੈ ਉਹਨਾਂ ਨੇ ਤਸਵੀਰਾਂ ਦੁਆਰਾ ਇਸ ਵਿਕਾਸ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਸੰਪਾਦਕੀ ਜੁਗਤਾਂ ਦੀ ਗੱਲ ਕਰਦਿਆਂ ਡਾ. ਜਤਿੰਦਰਪਾਲ ਸਿੰਘ ਨੇ ਅਜਿਹਾ ਮਾਡਲ ਪ੍ਰਸਤੁਤ ਕੀਤਾ ਹੈ ਜੋ ਖੋਜਾਰਥੀਆਂ ਦੀ ਪੁਰਾਤਨ ਸਾਹਿਤ ਦੇ ਅਧਿਐਨ ਦੀ ਵੱਡੀ ਸਮੱਸਿਆ ਹੱਲ ਕਰਦਾ ਹੈ। ਡਾ. ਅਮਰ ਸਿੰਘ ਦਾ ਪਰਚਾ ਪੰਜਾਬੀ ਸਾਹਿਤ ਅਤੇ ਕੋਮਲ ਕਲਾਵਾਂ (ਚਿੱਤਰਕਾਰੀ)ਦੇ ਇਤਿਹਾਸ ਨੂੰ ਇਕੋ ਪਰਚੇ ਅਧੀਨ ਪ੍ਰਸਤੁਤ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਤੋਂ ਇਲਾਵਾ ਪੁਸਤਕ ਵਿਚ ਸ਼ਾਮਿਲ ਹੋਰ ਖੋਜ-ਪੱਤਰ ਗੁਰਮੁਖੀ ਲਿੱਪੀ ਅਤੇ ਹੱਥ ਲਿਖਤਾਂ ਨਾਲ ਸੰਬੰਧਿਤ ਦੂਜੇ ਵਿਸ਼ਿਆਂ ਬਾਰੇ ਗੱਲ ਕਰਦੇ ਹਨ। ਡਾ. ਸੀ.ਪੀ. ਕੰਬੋਜ ਦਾ ਪਰਚਾ ਗੁਰਮੁਖੀ ਫੌਂਟ: ਇਤਿਹਾਸ ਅਤੇ ਵਿਸ਼ੇਸ਼ਤਾਵਾਂ, ਗੁਰਮੁਖੀ ਲਿਪੀ ਦੇ ਡਿਜੀਟਲ ਰੂਪ ਦਾ ਇਤਿਹਾਸਕ ਅਧਿਐਨ ਪ੍ਰਸਤੁਤ ਕਰਦਾ ਹੈ। ਹਰਵਿੰਦਰ ਸਿੰਘ ਦਾ ਪਰਚਾ ਸਿੱਖ ਰੈਫਰੈਂਸ ਲਾਇਬਰੇਰੀ ਸ੍ਰੀ ਅੰਮ੍ਰਿਤਸਰ ਵਿਰਸਾ ਅਤੇ ਵਰਤਮਾਨ, ਗੁਰਮੁਖੀ ਹੱਥ ਲਿਖਤਾਂ ਦੇ ਸਭ ਤੋਂ ਵੱਡੀ ਸੰਗ੍ਰਹਿਸ਼ਾਲਾ ਵਲ ਖੋਜਾਰਥੀਆਂ ਦਾ ਧਿਆਨ ਦਵਾਉਂਦਾ ਹੈ। ਅੰਗੀਠਾ: ਅਤੀਤ ਅਤੇ ਵਰਤਮਾਨ ਪਰਚੇ ਵਿਚ ਵਿਕਰਮਜੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪਾਂ ਨੂੰ ਅਗਨਭੇਟ ਕਰਨ ਲਈ ਹੋਂਦ ਵਿਚ ਆਈ ਇਸ ਪੁਰਾਤਨ ਪਰੰਪਰਾ

ਅੰਗੀਠੇ ਦਾ ਇਤਿਹਾਸ ਅਤੇ ਵਰਤਮਾਨ ਸਰੂਪ ਦਾ ਵੇਰਵਾ ਪ੍ਰਸਤੁਤ ਕੀਤਾ ਹੈ ਜੋ ਆਪਣੇ ਆਪ ਵਿਚ ਇਕ ਨਿਵੇਕਲਾ ਵਿਸ਼ਾ ਹੈ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਦਾ ਪਰਚਾ 'ਖੋਜ ਦਾ ਵਡਮੁੱਲਾ ਸਾਧਨ- ਲਿਖਤਾਂ' ਸਿੱਧੇ ਰੂਪ ਵਿੱਚ ਖੋਜਾਰਥੀਆਂ ਦਾ ਧਿਆਨ ਹੱਥ ਲਿਖਤਾਂ ਦੇ ਵਿਸ਼ਾਲ ਖੇਤਰ ਵੱਲ ਕਰਾਉਂਦਾ ਹੈ।

ਸਮੁੱਚੇ ਤੌਰ 'ਤੇ ਇਹ ਪੁਸਤਕ ਵਿਸ਼ੇਸ਼ ਰੂਪ ਵਿੱਚ ਪਾਠਕਾਂ ਦੇ ਧਿਆਨ ਮੰਗ ਕਰਦੀ ਹੈ। ਗੁਰਮੁਖੀ: ਵਿਰਸਾ ਅਤੇ ਵਰਤਮਾਨ ਦੀ ਲੜੀ ਵਿਚਲੀ ਇਸ ਤੀਸਰੀ ਪੁਸਤਕ ਦਾ ਪੰਜਾਬੀ ਭਾਸ਼ਾ ਅਤੇ ਅਧਿਐਨ ਦੇ ਖੇਤਰ ਵਿਚ ਸਵਾਗਤ ਹੈ।